# ਖ਼ੁਲਾਸਾ ਖ਼ੁਤਬਾ ਜੁਮੱਾ 21-02-2-14

ਤਸ਼ਹੁੱਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਕਰਨ ਉਪਰੰਤ ਸਯੱਦਨਾ ਹਜ਼ਰਤ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਕੱਲ 20 ਫ਼ਰਵਰੀ ਦਾ ਦਿਨ ਲੰਘਿਆ ਹੈ । ਇਹ ਦਿਨ ਜਮਾਤ ਅਹਮਦੀਆ ਵਿੱਚ ਮੁਸਲਿਹ ਮਊਦ ਦੀ ਪੇਸ਼ਗੋਈ ਦੇ ਹਵਾਲੇ ਨਾਲ ਵਿਸ਼ੇਸ਼ ਮਹਤੱਤਾ ਰੱਖਦੀ ਹੈ ਜਿਸ ਵਿੱਚ ਹਜ਼ਰਤ ਮਸੀਹ ਮਊਦ ਅਲੈਹਿ ਸਲਾਮਨ ਨੇ ਆਪਣੇ ਇਕ ਬੇਟੇ ਦੇ ਪੈਦਾ ਹੋਣ ਦੀ ਖ਼ਬਰ ਦਿੱਤੀ ਸੀ, ਜੋ ਨੇਕ, ਸਾਲਿਹ ਤੇ ਅਨੇਕਾਂ ਹੀ ਗੁਣਾ ਦਾ ਮਾਲਕ ਹੋਣਾ ਸੀ । ਪਿਛੱਲੇ ਜੁੱਮੇ ਵੀ ਮੈਂ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਚਮਤਕਾਰਾਂ ਦੇ ਹਵਾਲੇ ਨਾਲ ਵਰਨਣ ਕੀਤਾ ਸੀ, ਅੱਜ ਵੀ ਮੈਂ ਇਹੋ ਉਚਿਤ ਸਮਝਿਆ ਕਿ 20 ਫ਼ਰਵਰੀ ਦੇ ਨਾਲ ਜੁਮੱਾ ਹੈ ਇਸ ਕਰਕੇ ਇਸ ਪੇਸ਼ਗੋਈ ਦਾ ਵਰਨਣ ਕਰਾਂ ਜਿਸ ਨੂੰ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਇਕ ਮਹਾਨ ਤੇ ਵਿਸ਼ੇਸ਼ ਚਮਤਕਾਰ ਕਰਾਰ ਦਿੱਤਾ ਹੈ । ਖੰਡਨਕਾਰੀਆਂ ਦੇ ਉਤੱਰ ਵਿੱਚ ਆਪ ਨੇ ਫ਼ਰਮਾਇਆ, ਇਹ ਵਿਸਥਾਰ ਦਿੱਤਾ ਕਿ ਤੁਸੀਂ ਇਤਰਾਜ਼ ਤਾਂ ਕਰਦੇ ਹੋ ਪਰ ਇਹ ਮਨੁੱਖੀ ਸ਼ਕਤੀਆਂ ਤੋਂ ਅਗਾਂਹ ਦੀ ਗੱਲ ਹੈ ਕਿ ਅਜੇਹੀ ਭਵਿੱਖਬਾਣੀ ਕੀਤੀ ਜਾਵੇ । ਕੇਵਲ ਬੇਟਾ ਹੋਣ ਦੀ ਪੇਸ਼ਗੋਈ ਨਹੀਂ ਕੀਤੀ ਜਾ ਰਹੀ ਸਗੋਂ ਅਜਿਹੇ ਗੁਣਾ ਦਾ ਬੇਟਾ ਜੋ ਲੰਮੀ ਉਮਰ ਭੋਗਣ ਵਾਲਾ ਵੀ ਹੋਵੇਗਾ ਅਤੇ ਜੋ ਆਪਦੇ ਜੀਵਨ ਵਿੱਚ ਪੈਦਾ ਹੋਵੇਗਾ । ਆਪ ਨੇ ਫ਼ਰਮਾਇਆ ਕਿ ਜੇਕਰ ਇਸ ਘੋਸ਼ਣਾ ਨੂੰ ਡੂੰਘੀ ਤੇ ਨਿਆਂ ਦੀ ਦ੍ਰਿਸ਼ਟੀ ਨਾਲ ਦੇਖਿਆ ਜਾਵੇ ਤਾਂ ਇਸ ਦੇ ਇਲਾਹੀ ਨਿਸ਼ਾਨ ਹੋਣ ਵਿੱਚ ਕੋਈ ਸ਼ੰਕਾ ਬਾਕੀ ਨਹੀਂ ਰਹਿ ਸਕਦੀ । ਆਪਨੇ ਇਤਰਾਜ਼ ਕਰਨ ਵਾਲਿਆਂ ਨੂੰ ਫ਼ਰਮਾਇਆ ਕਿ ਜੇਕਰ ਸ਼ੱਕ ਹੋਵੇ ਤਾਂ ਇਸ ਪ੍ਰਕਾਰ ਦੀ ਪੇਸ਼ਗੋਈ (ਭਵਿੱਖਬਾਣੀ) ਜੋ ਅਜਿਹੇ ਹੀ ਗੁਣਾਂ ਉਪੱਰ ਅਧਾਰਤ ਹੋਵੇ, ਪੇਸ਼ ਕਰੋ । ਫ਼ਕਰਮਾਇਆ, ਇਸ ਥਾਂ ਅਖੱਾਂ ਖੋਲ ਕੇ ਦੇਖ ਲੈਣਾ ਚਾਹੀਦਾ ਹੈ ਕਿ ਇਹ ਕੇਵਲ ਭਵਿਖਬਾਣੀ ਹੀ ਨਹੀਂ ਸਗੋਂ ਇਕ ਮਹਾਨਤਮ ਆਕਾਸ਼ੀ ਚਮਤਕਾਰ ਵੀ ਹੈ ਅਤੇ ਜਿਵੇਂ ਕਿ ਆਪ ਜੀ ਦੇ ਪ੍ਰਗਟ ਹੋਣ ਦਾ ਮੂਲ ਮੰਤਵ ਹੀ ਇਸਲਾਮ ਦੀ ਸਚੱਾਈ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੀ ਸਾਰਿਆਂ ਉਪੱਰ ਵੱਡਿਆਈ ਪ੍ਰਮਾਣਤ ਕਰਨਾ ਸੀ । ਆਪ ਜੀ ਇੱਥੇ ਵੀ ਇਸ ਪੇਸ਼ਗੋਈ ਤੇ ਨਿਸ਼ਾਨ ਨੂੰ ਪੇਸ਼ ਕਰਕੇ ਇਹ ਨਹੀਂ ਕਹਿ ਰਹੇ ਕਿ ਇਹ ਮੇਰੀ ਸਚੱਾਈ ਨੂੰ ਪ੍ਰਗਟ ਕਰਦਾ ਹੈ ਸਗੋਂ ਫ਼ਰਮਾਇਆ ਕਿ ਇਸ ਆਕਾਸ਼ੀ ਨਿਸ਼ਾਨ ਨੂੰ ਜਲਾਲ ਵਾਲੇ ਰੱਬ ਨੇ ਸਾਡੇ ਨਬੀ ਕਰੀਮ, ਦਇਆਵਾਨ ਤੇ ਮਿਹਰਬਾਨ ਮੁਹਮੱਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲੱਮ ਦੀ ਸਚੱਾਈ ਤੇ ਅਜ਼ਮਤ ਨੂੰ ਪ੍ਰਗਟ ਕਰਨ ਲਈ ਪ੍ਰਕਟ ਕੀਤਾ ਹੈ ਅਤੇ ਫ਼ਰਮਾਇਆ ਵਾਸਤਵ ਵਿੱਚ ਇਹ ਨਿਸ਼ਾਨ ਇਕ ਮੁਰਦੇ ਨੂੰ ਜੀਉਂਦਾ ਕਰਨ ਤੋਂ ਸੈਂਕੜਿਆਂ ਦਰਜੇ ਆਲਾ, ਉਤੱਮ ਤੇ ਕਾਮਲ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਸ ਪੇਸ਼ਗੋਈ ਅਨੁਸਾਰ ਜਿਵੇਂ ਕਿ ਅਸੀਂ ਜਾਣਦੇ ਹਾਂ 1889 ਈ. ਵਿੱਚ ਮਾਰਚ ਵਿਚੱ ਉਹ ਬੇਟਾ ਪੈਦਾ ਹੋਇਆ ਜਿਸਨੇ ਇਸਲਾਮ ਦੀ ਪ੍ਰਗਤੀ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਬੁਲੰਦ ਮਰਤਬੇ ਨੂੰ ਕਾਇਮ ਰੱਖਣ ਲਈ ਉਹ ਵਿਲਖੱਣ ਕਾਰਜ ਸਿਰੇ ਚੜ੍ਹਾਏ ਜੋ ਰਹਿੰਦੀ ਦੁਨੀਆਂ ਤੱਕ ਚੇਤੇ ਰੱਖੇ ਜਾਣਗੇ । ਜਿਨ੍ਹਾ ਨੂੰ ਗ਼ੈਰਾਂ ਨੇ ਵੀ ਸਮਰਥਨ ਕੀਤਾ । ਹਜ਼ੂਰ ਅਨਵਰ ਨੇ ਇਸ਼ਤਿਹਾਰ 20 ਫ਼ਰਵਰੀ 1886 ਈ. ਵਿੱਚੋਂ ਪੇਸ਼ਗੋਈ ਮੁਸਲਿਹ ਮਊਦ ਦੇ ਮੂਲ ਸ਼ਬਦ ਪੜ੍ਹ ਕੇ ਸੁਣਾਏ ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਜੇਕਰ ਹਜ਼ਰਤ ਮੁਸਲਿਹ ਮਊਦ ਦੀਆਂ ਵਿਸ਼ੇਸ਼ਤਾਵਾਂ ਨੂੰ ਡੂੰਗਿਆਈਆਂ ਵਿੱਚ ਜਾਕੇ ਦੇਖੀਏ ਅਤੇ ਹਜ਼ਰਤ ਖ਼ਲੀਫ਼ਾ ਤੁਲ ਮਸੀਹ ਸਾਨੀ ਹਜ਼ਰਤ ਮਿਰਜ਼ਾ ਬਸ਼ੀਰੁੱਦੀਨ ਮਹਮੂਦ ਅਹਮਦ ਅਲਮੁਸਲਿਹਿਲ ਮਊਦ ਰਜ਼ੀ ਅਲੱਾਹ ਅਨਹੁ ਦੇ ਜੀਵਨ ਦਾ ਅਧਿਐਨ ਕੀਤਾ ਜਾਵੇ ਤਾਂ ਉਸਦੇ ਲਈ ਕਈ ਕਿਤਾਬਾਂ ਲਿੱਖਣ ਦੀ ਲੋੜ ਹੈ । ਕਿਸੇ ਖੁਤਬੇ ਵਿੱਚ ਜਾਂ ਕਿਸਾ ਭਾਸ਼ਣ ਵਿੱਚ ਹਜ਼ਰਤ ਮੁਸਲਿਹ ਮਊਦ ਦਾ ਜੀਵਨ ਅਤੇ ਆਪ ਜੀ ਦੇ ਕਾਰਨਾਮਿਆਂ ਦਾ ਘੇਰਾ ਨਹੀਂ ਕੀਤਾ ਜਾ ਸਕਦਾ ।

ਅੱਜ ਵੀ ਮੈਂ ਕੁਝ ਗੱਲਾਂ ਇਸ ਪੇਸ਼ਗੋਈ ਦੇ ਹਵਾਲੇ ਰਾਹੀਂ ਹਜ਼ਰਤ ਮੁਸਲਿਹ ਮਊਦ ਦੇ ਜੀਵਨ ਬਾਰੇ ਪੇਸ਼ ਕਾਰਾਂਗਾ । ਜਿੰਨ੍ਹਾ ਵਿੱਚੋਂ ਇਕ ਦੋ ਭਵਿੱਖਬਾਣੀਆਂ ਦੇ ਹਵਾਲੇ ਰਾਹੀਂ ਨਹੀਂ ਸਗੋਂ ਭਵਿੱਖਬਾਣੀ ਦੇ ਕਿਸੇ ਇਕ ਪੱਖ ਨੂੰ ਲੈਕੇ । ਇਹ ਵੀ ਕਿ ਆਪਣਿਆਂ ਤੇ ਗ਼ੈਰਾਂ ਨੂੰ ਆਪ ਦੇ ਗਿਆਨ ਤੇ ਅਧਿਆਤਮਕਤਾ ਨੇ ਕਿਵੇਂ ਪ੍ਰਭਾਵਤ ਕੀਤਾ । ਇਸ ਤੋਂ ਪਹਿਲਾਂ ਕਿ ਮੈਂ ਹਜ਼ਰਤ ਮੁਸਲਿਹ ਮਊਦ ਦੀਆਂ ਕਿਤਾਬਾਂ ਅਤੇ ਭਾਸ਼ਣਾ ਦਾ ਇਕ ਨਿਰੀਖਣ ਵੀ ਪੇਸ਼ ਕਰਨਾ ਚਾਹੁੰਦਾ ਹਾਂ ।

ਹਜ਼ਰਤ ਮੁਸਲਿਹ ਮਊਦ ਰਜ਼ੀ ਅਲੱਾਹ ਅਨਹੁ ਦੀਆਂ ਕਿਤਾਬਾਂ, ਲੈਕਚਰਜ਼ ਤੇ ਭਾਸ਼ਣਾ ਦੇ ਸੰਗ੍ਰਹਿ 'ਅਨਵਾਰੁਲ ਉਲੂਮ' ਦੇ ਨਾਂ ਹੇਠ 'ਫ਼ਜ਼ਲੇ ਉਮਰ ਫ਼ਊਂਡੇਸ਼ਨ' ਪ੍ਰਕਾਸ਼ਤ ਕਰ ਰਹੀ ਹੈ । ਇਸ ਸਮੇਂ ਤੱਕ ਅਨਵਾਰੁਲ ਉਲੂਮ ਦੀਆਂ 24 ਜਿਲਦਾਂ (ਭਾਗ) ਪ੍ਰਕਾਸ਼ਤ ਹੋ ਚੁਕੇ ਹਨ । ਜਿੰਨ੍ਹਾ ਵਿੱਚ 633 ਭਾਸ਼ਣ, ਲੈਕਚਰ ਅਤੇ ਕਿਤਾਬਾਂ ਆ ਚੁਕੀਆਂ ਹਨ । ਫ਼ਜ਼ਲੇ ਉਮਰ ਫ਼ਾਊਂਡੇਸ਼ਨ ਦੀ ਸਕੀਮ ਹੈ, ਅਨੁਮਾਨ ਹੈ ਕਿ 32 ਜਿਲਦਾਂ (ਭਾਗ) ਪ੍ਰਕਾਸ਼ਤ ਹੋਣਗੇ । ਇਸ ਪ੍ਰਕਾਰ ਕੁਲ ਭਾਸ਼ਣ ਆਦਿ ਹੋਣਗੇ ਉਹ ਲਗਭਗ ਸਾਡੇ ਅੱਠ ਸੌ ਦੇ ਲਗਭਗ ਭਾਸ਼ਣ, ਲੈਕਚਰ ਤੇ ਕਿਤਾਬਾਂ ਬਣ ਜਾਣਗੀਆਂ ।

ਇਸੇ ਪ੍ਰਕਾਰ ਜੁੱਮੇ ਦੇ ਖੁਤਬੇ, ਈਦਾਂ ਦੇ ਖੁਤਬੇ ਅਤੇ ਨਿਕਾਹ ਦੇ ਖ਼ੁਤਬਿਆਂ ਦੀ ਗਿਣਤੀ 2076 ਬਣਦੀ ਹੈ, ਜੱਦ ਕਿ ਖੁਤਬਾਤੇ ਮਹਮੂਦ ਦੀਆਂ ਇਸ ਸਮੇਂ ਤੱਕ ਕੁਲ 28 ਜਿਲਦਾ (ਭਾਗ) ਪ੍ਰਕਾਸ਼ਤ ਹੋ ਚੁਕੇ ਹਨ । ਜਿਨ੍ਹਾ ਵਿੱਚ 1602 ਖੁਤਬੇ ਸ਼ਾਮਲ ਹਨ ਅਤੇ 1948 ਈ. ਤੋਂ 1959 ਈ. ਤੱਕ ਦੇ ਖ਼ੁਤਬੇ 29 ਤੋਂ 39 ਜਿਲਦਾਂ (ਭਾਗਾਂ) ਵਿੱਚ ਪ੍ਰਕਾਸ਼ਤ ਹੋਣਗੇ । ਇਹਨਾਂ ਵਿੱਚ ਵੀ ਲਗਭਗ 500 ਖੁਤਬੇ ਹੋਰ ਸ਼ਾਮਲ ਹੋ ਜਾਣਗੇ ।

ਇਹ ਇਕ ਆਪ ਜੀ ਦੇ ਬੋਧਕ ਗਿਆਨ ਦਾ ਸਾਧਾਰਣ ਜਿਹਾ ਚਿਤੱਰ ਹੈ, ਅਤੇ ਜੇਕਰ ਹਰ ਇਕ ਖ਼ੁਤਬੇ ਤੇ ਹਰ ਭਾਸ਼ਣ ਨੂੰ ਸੁਣੀਏ ਅਤੇ ਹਰ ਇਕ ਲੈਕਚਰ ਨੂੰ ਦੇਖੀਏ ਤਾਂ ਬੋਧਕ ਤੇ ਅਧਿਆਤਮਕ ਗਿਆਨ ਦੇ ਅਜਿਹੇ ਸਾਗਰ ਦੇ ਬਹੁਮੁੱਲ ਮੋਤੀ ਲੜੀਵਾਰ ਪਿਰੋਏ ਹੋਏ ਦਿਖਾਈ ਦਿੰਦੇ ਹਨ, ਅਤੇ ਗਿਆਨ ਦੇ ਅਜਿਹੇ ਦਰਿਆ ਵਹਿ ਰਹੇ ਹੁੰਦੇ ਹਨ ਕਿ ਮਨੁੱਖ ਦੰਗ ਰਹਿ ਜਾਂਦਾ ਹੈ । ਹਜ਼ਰਤ ਖ਼ਲੀਫ਼ਾ ਤੁਲ ਮਸੀਹ ਸਾਲਸ ਨੇ ਵੀ ਇਕ ਵਾਰ ਇਹ ਵਿਸ਼ਲੇਸ਼ਣ ਪੇਸ਼ ਕੀਤਾ ਸੀ ਅਤੇ ਉਹਨਾਂ ਨੇ ਫ਼ਰਮਾਇਆ ਸੀ ਕਿ ਇਕ ਪੱਖ ਨੂੰ ਲੈਕੇ ਕਿ "ਵੋਹ ਉਲੂਮੇ ਜ਼ਾਹਿਰੀ ਵ ਬਾਤਿਨੀ ਸੇ ਪੁਰ ਕੀਯਾ ਜਾਏਗਾ ।" (ਭਾਵ, ਉਸਨੂੰ ਗੁਪਤ ਤੇ ਪ੍ਰਗਟ, ਹਰ ਪ੍ਰਕਾਰ ਦਾ ਗਿਆਨ ਦਿੱਤਾ ਜਾਵੇਗਾ । ਅਨੁਵਾਦਕ) ਇਸ ਵਿੱਚ ਹੀ ਐਨ੍ਹਾ ਵਿਸਥਾਰ ਹੈ ਕਿ ਇਸ ਨੂੰ ਵਰਨਣ ਕਰਦੇ ਜਾਈਏ ਤਾਂ ਇਹ ਨਹੀਂ ਮੁਕਦਾ ।

ਇਸ ਬਾਰੇ ਹਜ਼ਰਤ ਖ਼ਲੀਫ਼ਤੁਲ ਮਸੀਹ ਸਾਲਸ ਨੇ ਫ਼ਰਮਾਇਆ ਸੀ, ਕਿ ਮੇਰਾ ਵਿਚਾਰ ਹੈ ਕਿ ਹਜ਼ੂਰ ਨੇ ਕੇਵਲ ਕੁਰਆਨ ਕਰੀਮ ਦੀ ਤਫ਼ਸੀਰ (ਵਿਆਖਿਆ) ਉਪੱਰ ਹੀ ਅੱਠ ਦੱਸ ਹਜ਼ਾਰ ਪੰਨੇ ਲਿੱਖੇ ਹਨ । ਇਸ ਦੀਆਂ ਦੱਸ ਜਿਲਦਾਂ (ਭਾਗ) ਹਨ ।

ਜਿਸ ਵਿੱਚ ਸੂਰਤ ਫ਼ਤਿਹਾ ਅਤੇ ਸੂਰਾਤੁਲ ਬਕਰਹ ਪਹਿਲੀ ਦੋ ਸੂਰਤਾਂ, ਫ਼ਿਰ ਸੂਰਤ ਯੂਨੁਸ ਤੋਂ ਸੂਰਤ ਅਨਕਬੂਤ ਤੱਕ, ਦਸਵੀ ਸੂਰਤ ਤੋਂ ਲੈਕੇ 29ਵੀਂ ਸੂਰਤ ਤੱਕ ਹੈ । ਫਿਰ ਸੂਰਾਤੁਨ ਨਬਾ ਤੋਂ ਲੈਕੇ ਸੂਰਤ ਅਨੱਾਸ ਤੱਕ ਹੈ । ਭਾਵ ਇਹ ਕਿ 59 ਸੂਰਤਾ ਲਗਭਗ ਬਣਦੀਆਂ ਹਨ ਜਿਨ੍ਹਾ ਦੀ ਵਿਆਖਿਆ ਲਿੱਖੀ । ਇਹ ਲਗਭਗ 6000 ਪੰਨ੍ਹਿਆਂ ਉਪੱਰ ਅਧਾਰਤ ਹੈ ਅਤੇ ਇਸਨੂੰ ਬਹੁਤ ਬਰੀਕ ਅੱਖਰਾਂ ਵਿੱਚ ਲਿੱਖਿਆ ਹੋਇਆ ਹੈ । ਜੇਕਰ ਅੱਜਕੱਲ ਦੇ ਹਿਸਾਬ ਨਾਲ ਲਿੱਖਿਆ ਜਾਵੇ ਤਾਂ ਸੰਭਵਤਾ ਦੱਸ-ਬਾਰ੍ਹਾਂ ਹਜ਼ਾਰ ਪੰਨ੍ਹੇ ਬਣ ਜਾਣ । ਇਹ ਦੁਬਾਰਾ ਪ੍ਰਿੰਟ ਹੋ ਰਹੀ ਹੈ ।

ਫਿਰ ਆਪਜੀ ਦੇ ਕਲਾਮ ਉੱਪਰ ਦੱਸ ਕਿਤਾਬਾਂ ਤੇ ਰਾਸਾਲੇ ਹਨ, ਰੂਹਾਨੀਯਤ, ਇਸਲਾਮੀ ਆਚਰਣ ਅਤੇ ਇਸਲਾਮੀ ਆਸਥਾਵਾਂ ਉਪੱਰ ਆਪ ਜੀ ਨੇ 31 ਕਿਤਾਬਾਂ ਤੇ ਰਸਾਲੇ ਲਿਖੇ, ਜੀਵਨ ਚਰਿਤ੍ਰ ਉਪੱਰ 13 ਕਿਤਾਬਾਂ ਤੇ ਰਸਾਲੇ ਲਿਖੇ । ਇਤਿਹਾਸ ਉਪੱਰ ਚਾਰ ਕਿਤਾਬਾਂ ਤੇ ਰਸਾਲੇ ਲਿਖੇ । ਫ਼ਿਕਾ (ਇਸਲਮੀ ਧਰਮ ਸ਼ਾਸਤਰ) ਉਪੱਰ ਤਿੰਨ ਕਿਤਾਬਾਂ ਤੇ ਰਸਾਲੇ ਲਿੱਖੇ, ਭਾਰਤ-ਪਾਕ ਵੰਡ ਤੋਂ ਪਹਿਲਾਂ ਦੀ ਰਾਜਨੀਤੀ ਉਪੱਰ 25 ਕਿਤਾਬਾਂ ਤੇ ਰਸਾਲੇ ਲਿੱਖੇ । ਭਾਰਤ-ਪਾਕ ਵੰਡ ਤੋਂ ਉਪੱਰੰਤ ਅਤੇ ਪਾਕਿਸਤਾਨ ਦੇ ਬਣਨ ਉਪੱਰੰਤ ਰਾਜਨੀਤੀ ਉਪੱਰ 9 ਕਿਤਾਬਾਂ ਤੇ ਰਸਾਲੇ ਲਿੱਖੇ । ਕਸ਼ਮੀਰ ਦੀ ਰਾਜਨੀਤੀ ਉੱਪਰ 15 ਕਿਤਾਬਾਂ ਤੇ ਰਸਾਲੇ ਲਿੱਖੇ । ਫਿਰ ਅਹਮਦੀਆ ਤਹਰੀਕ ਅਤੇ ਉਸਦੇ ਦੇ ਵਿਸ਼ੇਸ਼ ਮਾਮਲਿਆਂ ਉਪੱਰ ਲਗਭਗ 100 ਕਿਤਾਬਾਂ ਤੇ ਰਸਾਲੇ ਲਿੱਖੇ । ਇਸ ਤੋਂ ਬਿਨਾਂ ਹੋਰ ਅਨੇਕਾਂ ਹੀ ਅਣਗਿਣਤ ਵਿਸ਼ੇ ਹਨ ਜਿਵੇਂ ਕਿ ਮੈਂ ਵਿਸਥਾਰ ਦਿਤੱਾ ਹੈ ਕਿ ਇਹ ਸੈਂਕੜਿਆਂ ਉਪੱਰ ਚਲਿਆ ਜਾਂਦਾ ਹੈ । ਲਗਭਗ ਅੱਠ ਸੌਂ ਤੋਂ ਉਪੱਰ ਚਲੀ ਜਾਵੇਗੀ ।

ਸੋ, ਖ਼ਲੀਫ਼ਾ ਸਾਲਸ ਫ਼ਰਮਾਉਂਦੇ ਹਨ ਕਿ ਜਿਵੇਂ ਕਿ ਫ਼ਰਮਾਇਆ ਸੀ ਕਿ "ਵੋਹ ਉਲੂਮੇ ਜ਼ਾਹਿਰੀ ਵ ਬਾਤਨੀ ਸੇ ਪੁਰ ਕਿਯਾ ਜਾਏਗਾ" । ਜੇਕਰ ਇਹਨਾਂ ਉਪੱਰ ਨਜ਼ਰ ਮਾਰੀਏ ਤਾਂ ਇਹਨਾਂ ਵਿੱਚ ਪ੍ਰਗਟ ਗਿਆਨ ਵੀ ਦਿਖਾਈ ਦਿੰਦੇ ਹਨ ਅਤੇ ਅੰਦਰੂਨੀ (ਗੁਪਤ) ਗਿਆਨ ਵੀ ਦਿਖਾਈ ਦਿੰਦੇ ਹਨ ਅਤੇ ਆਨੰਦ ਇਹ ਕਿ ਜੱਦ ਵੀ ਆਪ ਨੇ ਕੋਈ ਕਿਤਾਬ ਜਾਂ ਰਸਾਲਾ ਲਿੱਖਿਆ ਹਰ ਮਨੁੱਖ ਨੇ ਇਹੋ ਕਿਹਾ ਕਿ ਇਸ ਤੋਂ ਬਿਹਤਰ ਨਹੀਂ ਲਿੱਖਿਆ ਜਾ ਸਕਦਾ । ਰਾਜਨੀਤੀ ਵਿੱਚ ਜੱਦ ਵੀ ਆਪ ਜੀ ਨੇ ਵਾਗਡੋਰ ਸੰਭਾਲੀ, ਜੱਦ ਵੀ ਆਪਜੀ ਨੇ ਰਾਜਨੀਤੀ ਬਾਰੇ ਨਿਆਏ ਭਰਪੂਰ ਮਸ਼ਵਰੇ ਦਿੱਤੇ ਵੱਡੇ ਤੋਂ ਵੱਡਾ ਵਿਰੋਧੀ ਵੀ ਆਪ ਜੀ ਦੀ ਅਦੁੱਤੀ ਯੋਗਤਾ ਨੂੰ ਪਰਵਾਨ ਕਰਨ ਲਈ ਮਜਬੂਰ ਹੋ ਗਿਆ ।

ਹਜ਼ੂਰ ਅਨਵਰ ਨੇ 'ਤਫ਼ਸੀਰੇ ਕਬੀਰ' ਉਪੱਰ ਦੂਜਿਆਂ ਦੇ ਤਬਸਰੇ ਪੇਸ਼ ਕੀਤੇ :

ਅਲੱਾਮਾ ਨਿਆਜ਼ ਫ਼ਤਹਿਪੁਰੀ ਸਾਹਬ ਹਜ਼ਰਤ ਮੁਸਲਿਹ ਮਊਦ ਰਜ਼ੀ ਅਲੱਾਹ ਅਨਹੁ ਨੂੰ ਆਪਣੇ ਇਕ ਪਤੱਰ ਵਿੱਚ ਲਿੱਖਦੇ ਹਨ ਕਿ ਤਫ਼ਸੀਰੇ ਕਬੀਰ ਭਾਗ ਤੀਜਾ ਅੱਜ ਮੇਰੇ ਸਾਹਮਣੇ ਹੈ, ( ਇਹ ਅਹਮਦੀ ਨਹੀਂ ਸਨ) ਅਤੇ ਮੈਂ ਉਸਨੂੰ ਬਹੁਤ ਨਿਗਾਹ, ਸੂਖਮ ਦ੍ਰਿਸ਼ਟੀ ਤੋਂ ਦੇਖ ਰਿਹਾ ਹਾਂ । ਇਸ ਵਿੱਚ ਕੋਈ ਸੰਦੇਹ ਨਹੀਂ ਕਿ ਕੁਰਆਨ ਕਰੀਮ ਦੇ ਅਧਿਐਨ ਦਾ ਇਕ ਬਿਲਕੁਲ ਵੱਖਰਾ ਦ੍ਰਿਸਟੀਕੋਣ ਆਪ ਜੀ ਨੇ ਪੇਸ਼ ਕੀਤਾ ਹੈ, ਅਤੇ ਇਹ ਵਿਆਖਿਆ ਆਪਣੇ ਗਿਆਨ ਦੇ ਪੱਖੋਂ ਬਿਲਕੁਲ ਪਹਿਲੀ ਵਿਆਖਿਆ ਹੈ । ਜਿਸ ਵਿੱਚ ਬੋਧ ਅਬੋਧ ਨੂੰ ਅਤਿ ਸੁੰਦਰ ਢੰਗ ਨਾਲ ਸਹਿਮਤ ਦਿਖਾਇਆ ਗਿਆ ਹੈ । ਆਪ ਦਾ ਵਿਸ਼ਾਲ ਗਿਆਨ, ਆਪ ਦੀ ਦੂਰਦ੍ਰਿਸ਼ਟੀ, ਆਪ ਦਾ ਅਧਿਆਤਮਕ ਗਿਆਨ ਤੇ ਵਿਸਥਾਰ, ਆਪਦੇ ਬਿਆਨ ਕਰਨ ਦਾ ਢੰਗ ਉਸਦੇ ਇਕ ਇਕ ਸ਼ਬਦ ਤੋਂ ਪ੍ਰਗਟ ਹੁੰਦਾ ਹੈ । ਅਤੇ ਮੈਂਨੂੰ ਦੁੱਖ ਹੈ ਕਿ ਮੈਂ ਕਿਉਂ ਇਸ ਸਮੇਂ ਤੱਕ ਅਣਜਾਣ ਰਿਹਾ । ਕਾਸ਼, ਕਿ ਮੈਂ ਇਸ ਦੇ ਸਾਰੇ ਭਾਗ ਦੇਖ ਸਕਦਾ । ਕੱਲ

ਸੂਰਤ 'ਹੂਦ' ਦੀ ਵਿਆਖਿਆ ਵਿੱਚ ਹਜ਼ਰਤ ਲੂਤ ਉਪੱਰ ਆਪ ਦੇ ਵਿਚਾਰ ਮਾਲੂਮ ਕਰਕੇ ਮਨ ਉਛੱਲ ਗਿਆ ਅਤੇ ਆਪ ਮੁਹਾਰੇ ਹੀ ਇਹ ਲਿੱਖਣ ਲਈ ਮਜਬੂਰ ਹੋ ਗਿਆ ਕਿ ਆਪ ਨੇ "ਹਾ ਉਲਾਇ ਬਨਾਤੀ" ਦੀ ਵਿਆਖਿਆ ਕਰਦਿਆਂ ਹੋਇਆਂ ਵਿਆਖਿਆਕਾਰਾਂ ਤੋਂ ਵੱਖਰੀ ਬਹਿਸ ਦਾ ਜੋ ਪੱਖ ਵਰਨਣ ਕੀਤਾ ਹੈ ਉਸ ਦੀ ਦਾਦ ਦੇਣਾ ਮਰੇ ਵੱਸ ਵਿੱਚ ਨਹੀਂ । ਖੁਦਾ ਆਪ ਨੂੰ ਸਦਾ ਸਲਾਮਤ ਰੱਖੇ ।

ਜਨਾਬ ਅਖ਼ਤਰ ਸਾਹਬ ਐਮ.ਏ. ਪ੍ਰਧਾਨ ਉਰਦੂ ਵਿਭਾਗ ਪਟਨਾ ਯੂਨੀਵਰਸਿਟੀ, ਪ੍ਰੋ. ਅਬਦੁਲ ਮਨਾਨ ਬੇਦਿਲ ਸਾਹਬ ਸਾਬਕਾ ਪ੍ਰਧਾਨ ਫ਼ਾਰਸੀ ਵਿਭਾਗ ਪਟਨਾ ਕਾਲਜ ਦੀ ਵਿਆਖਿਆ ਬਾਰੇ ਆਪਣੀ ਇਕ ਅੱਖੀਂ ਡਿੱਠੀ ਘਟਣਾ ਵਰਨਣ ਕਰਦੇ ਹਨ, ਕਰਿਹੰਦੇ ਹਨ ਕਿ ਮੈਂ ਇਕ ਮਗਰੋਂ ਇਕ ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਨੀ ਦੀ ਤਫ਼ਸੀਰੇ ਕਬੀਰ ਦੇ ਕੁਝ ਭਾਗ ਪ੍ਰੋ. ਅਬਦੁਲ ਮਨਾਨ ਬੇਦਿਲ ਸਾਹਬ ਸਾਬਕਾ ਪ੍ਰਧਾਨ ਫ਼ਾਰਸੀ ਵਿਭਾਗ ਪਟਨਾ ਕਾਲਜ, ਫਿਰ ਪਟਨਾ ਤੇ ਵਰਤਮਾਨ ਪ੍ਰਿੰਸੀਪਲ ਸ਼ਬੀਨਾ ਕਾਲਜ ਪਟਨਾ ਦੀ ਸੇਵਾ ਵਿੱਚ ਪੇਸ਼ ਕੀਤੀਆਂ ਅਤੇ ਉਹ ਇਹਨਾ ਤਫ਼ਸੀਰਾਂ (ਵਿਆਖਿਆਂਵਾਂ) ਨੂੰ ਪੜ੍ਹ ਕੇ ਇਤਨੇ ਪ੍ਰਭਾਵਤ ਹੋਏ ਕਿ ਉਹਨਾਂ ਨੇ ਮਦਰਸਾ ਅਰਬੀਆਹ ਸ਼ਮਸੁਲ ਹੁਦਾ ਦੇ ਸ਼ੇਖਾਂ ਨੂੰ ਵੀ ਤਫ਼ਸੀਰ ਦੇ ਕੁਝ ਭਾਗ ਪੜ੍ਹਨ ਲਈ ਦਿੱਤੇ ਅਤੇ ਇਕ ਦਿਨ ਕਈ ਸ਼ੇਖਾਂ ਨੂੰ ਬੁਲਾਕੇ ਉਹਨਾਂ ਦੇ ਵਿਚਾਰ ਪੁੱਛੇ । ਇਕ ਸੇਖ ਨੇ ਕਿਹਾ ਕਿ ਫ਼ਾਰਸੀ ਵਿਆਖਿਆਵਾਂ ਵਿੱਚ ਅਜਿਹੀ ਵਿਆਖਿਆ ਨਹੀਂ ਮਿਲਦੀ । ਪ੍ਰੋ. ਅਬਦੁਲਮਨਾਨ ਸਾਹਬ ਨੇ ਪੁੱਛਿਆ ਕਿ ਅਰਬੀ ਤਫ਼ਸੀਰਾਂ ਬਾਰੇ ਕੀ ਵਿਚਾਰ ਹੈ ? ਸਾਰੇ ਸ਼ੇਖ ਚੁੱਪ ਰਹੇ । ਕੁਝ ਚਿਰ ਪਿੱਛੋਂ ਉਹਨਾਂ ਵਿੱਚੋਂ ਇਕ ਨੇ ਕਿਹਾ ਪਟਨਾ ਵਿੱਚ ਸਾਰੀਆਂ ਅਰਬੀ ਤਫ਼ਸੀਰਾਂ ਮਿਲਦੀਆਂ ਨਹੀਂ ਹਨ । ਮਿਸਰ ਅਤੇ ਸ਼ਾਮ (ਸੀਰੀਆ) ਦੀਆਂ ਸਾਰੀਆਂ ਤਫ਼ਸੀਰਾਂ ਦੇ ਅਧਿਐਨ ਮਗਰੋਂ ਹੀ ਸਹੀ ਰਾਏ ਬਣਾਈ ਜਾ ਸਕਦੀ ਹੈ । ਪ੍ਰੋ. ਸਾਹਬ ਨੇ ਪੁਰਾਤਨ ਅਰਬੀ ਤਫ਼ਸੀਰਾਂ ਦਾ ਵਰਨਣ ਸ਼ੁਰੂ ਕੀਤਾ ਅਤੇ ਫ਼ਰਮਾਇਆ :

ਮਿਰਜ਼ਾ ਮਹਮੂਦ ਦੀ ਤਫ਼ਸੀਰ ਦੇ ਮਰਤਬੇ ਦੀ ਇਕ ਤਫ਼ਸੀਰ ਵੀ ਕਿਸੇ ਭਾਸ਼ਾ ਵਿੱਚ ਨਹੀਂ ਮਿਲਦੀ । ਆਪ ਨਵੀਨ ਤਫ਼ਸੀਰਾਂ ਵੀ ਮਿਸਰ ਤੇ ਸ਼ਾਮ (ਸੀਰੀਆ) ਤੋਂ ਮੰਗਵਾ ਲਓ । ਅਤੇ ਕੁਝ ਮਹੀਨਿਆਂ ਬਾਦ ਮੇਰੇ ਨਾਲ ਗੱਲ ਕਰੋ । ਅਰਬੀ ਅਤੇ ਫ਼ਾਰਸੀ ਦੇ ਵਿਦਵਾਨ ਵੀ ਦੰਗ ਰਹਿ ਗਏ ।

ਫਿਰ ਸਯੱਦ ਜਾਫ਼ਰ ਹੁਸੈਨ ਸਾਹਬ ਐਡਵੋਕੇਟ ਸਿਦਕ ਜਦੀਦ ਦੇ ਨਾਂ ਆਪਣੇ ਪੱਤਰ ਵਿੱਚ ਲਿੱਖਦੇ ਹਨ :

ਤਫ਼ਸੀਰੇ ਕਬੀਰ ਪੜ੍ਹ ਕੇ ਮੈਂ ਕੁਰਆਨ ਕਰੀਮ ਤੋਂ ਪਹਿਲੀ ਵਾਰ ਜਾਣੂ ਹੋਇਆ । ਜਿਵੇਂ ਕਿ ਆਪ ਨੇ ਅਦੇਸ਼ ਦਿਤੱਾ, (ਉਹਨਾਂ ਨੂੰ ਲਿੱਖ ਰਹੇ ਹਨ) ਆਪਣਾ ਅਕੀਦਹ ਛੱਡ ਕੇ ਅਹਮਦੀਆ ਜੈਸੀ ਜਮਾਤ ਵਿੱਚ ਦਾਖ਼ਲ ਹੋਣਾ, ਜਿਸ ਨੂੰ ਇਸਲਾਮ ਦੇ ਸਾਰੇ ਮੌਲਵੀਆਂ ਨੇ ਹਉਆ ਬਣਾਈ ਰੱਖਿਆ ਹੈ, ਕੁਝ ਮਾਮੂਲੀ ਗੱਲ ਨਹੀਂ । ਪਰ ਸਚੱਾਈ ਦੇ ਸਾਹਮਣੇ ਆ ਜਾਣ ਬਾਦ, ਇਥੇ ਖ਼ਤਰਿਆਂ ਦੀ ਵੀ ਕਿਸੇ ਨੂੰ ਪਰਵਾਹ ਨਹੀਂ ਸੀ । ਫਿਰ ਵੀ ਮੈਂ ਰੱਬ ਦੀ ਹਜ਼ੂਰੀ ਵਿੱਚ ਸਵੇਰੇ ਸਾਮ ਦੁਆਵਾਂ ਕੀਤੀਆਂ ਕਿ ਹੇ, ਅਲੱਾਹ ! ਮੈਨੂੰ ਸੁਮਾਰਗ ਦਿਖਾ । ਕਈ ਮਹੀਨਿ ਇਸ ਅਵਸਥਾ ਵਿੱਚ ਲੰਘ ਗਏ । ਮੈਂ ਆਪ ਨੂੰ ਵਿਸ਼ਵਾਸ਼ ਦੁਆਉਂਦਾ ਹਾਂ ਕਿ ਮੇਰੀ ਸਜੱਦੇ ਦੀ ਧਰਤੀ ਹੰਝੂਆਂ ਨਾ ਭਿੱਜ ਜਾਂਦੀ ਸੀ । ਮੈਨੂੰ ਵਿਸ਼ਵਾਸ ਹੈ ਕਿ ਮੇਰੀਆਂ ਦੁਆਵਾਂ ਪਰਵਾਨ ਹੋਈਆਂ । ਕਿਉਂਕਿ ਅਹਮਦੀਅਤ ਨੂੰ ਸਚੱਾ ਸਮਝਣ ਦੇ ਅਕੀਦੇ ਵਿੱਚ ਪੱਕਾ ਹੋ ਗਿਆ ਅਤੇ ਕਾਦੀਆਂ ਵਿੱਚ ਹਜ਼ਰਤ ਮੀਆਂ ਵਸੀਮ ਅਹਮਦ ਦੀ ਸੇਵਾ ਵਿੱਚ ਇਕ ਪੱਤਰ ਰਾਹੀਂ ਮੈਂ ਬੇਨਤੀ ਕੀਤੀ ਕਿ ਬੈਅਤ ਕਰਨਾ ਚਾਹੁੰਦਾ ਹਾਂ ।

ਕਹਿੰਦੇ ਹਨ ਕਿ ਮੇਰੀ ਬੈਅਤ ਕੁਬੂਲ ਕਰਨ ਤੋਂ ਪਹਿਲਾਂ ਹਜ਼ੂਰ ਖ਼ਲੀਫ਼ਾ ਸਾਹਬ ਨੇ ਪੁੱਛਿਆ ਕਿ ਇਕ ਅਹਮਦੀ ਮੁਸਲਮਾਨ ਦਾ ਫ਼ਰਜ਼ ਹੈ ਕਿ ਉਹ ਸਮੇਂ ਦੀ ਸਰਕਾਰ ਦਾ ਵੀ ਵਫ਼ਦਾਰ ਰਹੇ ਅਤੇ ਕਾਨੂਨ ਦੇ ਅੰਦਰ ਰਹਿ ਕੇ ਕੰਮ ਕਰੇ । ਮੈਂ ਉੱਤਰ ਦਿੱਤਾ ਕਿ ਹਜ਼ੂਰ ਦੀ ਤਫ਼ਸੀਰ ਨੇ ਇਹ ਸਾਰੀਆਂ ਗੱਲਾਂ ਮੇਰੇ ਮਨ'ਤੇ ਨਕਸ਼ ਕਰ ਦਿੱਤੀਆਂ ਹਨ । ਕੁਝ ਦਿਨਾਂ ਬਾਦ ਜੱਦ ਕਾਦੀਆਂ ਤੋਂ ਮੈਂਨੂੰ ਪਤਾ ਲੱਗਿਆ ਕਿ ਮੇਰੀ ਬੈਅਤ ਕੁਬੂਲ ਕਰ ਲਈ ਗਈ ਹੈ ਤਾਂ ਮੈਂ ਸਜੱਦੇ ਵਿੱਚ ਪੈ ਗਿਆ । ਫਿਰ ਕਹਿੰਦੇ ਹਨ ਕਿ ਤਫ਼ਸੀਰੇ ਕਬੀਰ ਵਿੱਚ ਇਕ ਥਾਂ'ਤੇ ਮੈਂ ਪੜ੍ਹਿਆ ਸੀ ਕਿ ਖ਼ਲੀਫ਼ਾ ਜੋ ਮੁਸਲਿਹ ਮਊਦ ਹੋਵੇਗਾ ਉਹ ਅਸੀਰਾਂ (ਕੈਦੀਆਂ) ਦੀ ਰਿਹਾਈ ਦਾ ਸਬਬ ਹੋਵੇਗਾ । ਮੈਂ ਹਜ਼ੂਰ ਅੱਗੇ ਬਿਨਤੀ ਕੀਤੀ (ਉਸ ਸਮੇਂ ਇਹ ਹੁਣ ਤੱਕ ਜੇਲ ਵਿੱਚ ਸਨ) ਕਿ ਉਹ ਮੇਰੀ ਰਿਹਾਈ ਲਈ ਵੀ ਦੁਆ ਕਰਨ । ਹਜ਼ੂਰ ਖ਼ਲੀਫ਼ਾ ਸਾਹਬ ਨੇ ਦੁਆ ਕੀਤੀ ਕਿ ਅਲੱਾਹ ਤਆਲਾ ਆਪ ਦੀ ਰਿਹਾਈ ਦੇ ਸਾਧਨ ਬਣਾਏ । ਇਸ ਦੇ ਕੁਝ ਦਿਨਾਂ ਬਾਦ ਹੀ ਮੈਂ ਰਿਹਾ ਹੋ ਗਿਆ । ਖ਼ਲੀਫ਼ਾ ਮਊਦ ਬਾਰੇ ਇਹ ਭਵਿੱਖਬਾਣੀ ਕਿ ਉਹ ਅਸੀਰਾਂ (ਕੈਦੀਆਂ) ਦੀ ਰਿਹਾਈ ਦਾ ਸਬਬ ਹੋਵੇਗਾ, ਮੈਂ ਉਸਦਾ ਜੀਉਂਦਾ ਜਾਗਦਾ ਪ੍ਰਮਾਣ ਹਾਂ ।

ਫਿਰ ਪਛੱਮ ਦੇ ਵਿਚਾਰਕ ਹਨ, ਉਹਨਾਂ ਵਿੱਚੋਂ ਇਕ ਵੱਖਰੇ ਵਿਚਾਰਕ ਅਮ੍ਰੀਕਾ ਤੇ ਯੋਰੁਪ ਦੇ ਹਨ, ਇਸ ਸੇਮਂ ਮੈਂ ਇਕ ਉਧਾਰਣ ਪੇਸ਼ ਕਰਦਾ ਹਾਂ । ਏ.ਜੇ. ਆਰਬਰੀ ਹਨ, ਜੋ ਬਰਤਾਨਵੀ ਮੁਸਤਸ਼ਰਿਕ (ਗ਼ੈਰ ਏਸ਼ੀਆਈ ਵਿਅਕਤੀ ਜੋ ਏਸ਼ੀਆਈ ਭਾਸ਼ਾਵਾਂ ਦਾ ਗਿਆਤਾ, ਵਿਦਵਾਨ ਤੇ ਅਣਵੇਸ਼ਣ ਕਰਤਾ ਹੋਵੇ) ਹਨ, ਅਰਬੀ, ਫ਼ਾਰਸੀ, ਇਸਲਾਮੀ ਦਰਸ਼ਨ ਦੇ ਸਕਾਲਰ ਹਨ, ਕਹਿੰਦੇ ਹਨ ਕੁਰਆਨ ਕਰੀਮ ਦਾ ਇਹ ਨਵਾਂ ਅਨੁਵਾਦ ਤੇ ਵਿਆਖਿਆ ਇਕ ਬਹੁਤ ਵੱਡਾ ਕਾਰਜ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਸ਼ਾਮ (ਸੀਰੀਆ) ਦੇ ਇਕ ਡਾ. ਅਨਸ ਸਾਹਬ ਹਨ, ਉਹ ਕਹਿੰਦੇ ਹਨ ਕਿ ਉਹ ਸਚੱਾਈ ਤੇ ਨੂਰ ਦੀ ਭਾਲ ਵਿੱਚ ਵੱਖ ਵੱਖ ਓਲਮਾਵਾਂ (ਵਿਦਵਾਨਾਂ) ਦੀ ਕਿਤਾਬਾਂ ਤੇ ਵਿਆਖਿਆ ਪੜ੍ਹੀਆਂ । ਜਿਨੰਾਂ ਵਿੱਚ ਸੁਲਤਾਨੁਲ ਆਰਫ਼ੀਨ ਮੁਹੀਉੱਦੀਨ ਇਬਨੇ ਅਰਬੀ ਅਤੇ ਮੁਹਮੱਦ ਬਿਨ ਅਲੀ ਅਲਹਾਤਮੀ ਅਤੱਾਈ ਆਦਿ ਦੀਆਂ ਵਿਆਖਿਆਂ ਸ਼ਾਮਲ ਸਨ, ਪਰ ਕਿਸੇ ਵੀ ਵਿਆਖਿਆ ਵਿੱਚ ਉਹ ਖ਼ੂਬੀ, ਚਾਸ਼ਣੀ ਤੇ ਆਨੰਦ ਨਹੀਂ ਸੀ ਜੋ ਹਜ਼ਰਤ ਮਿਰਜ਼ਾ ਬਸ਼ੀਰੁੱਦੀਨ ਮਹਮੂਦ ਦੀ ਤਫ਼ਸੀਰ ਵਿੱਚ ਸੀ ।

ਫਿਰ ਮਰਾਕਸ਼ ਦੇ ਜਮਾਲ ਸਾਹਬ ਹਨ । ਲਿੱਖਦੇ ਹਨ ਜੱਦ ਮੈਂ ਇਸ ਤਫ਼ਸੀਰ ਨੂੰ ਪੜ੍ਹਿਆ ਅਤੇ ਇਸ ਦਾ ਹੋਰਨਾ ਤਫਸੀਰਾਂ ਨਾਲ ਤੁਲਨਾ ਕੀਤੀ ਤਾਂ ਧਰਤੀ ਅਕਾਸ਼ ਦਾ ਅੰਤਰ ਦਿੱਸਿਆ । ਇੱਥੇ ਇਲਾਹੀ ਗਿਆਨ ਤੇ ਅਧਿਆਤਮਕਤਾ ਦਾ ਬਿਆਨ ਸੀ ਅਤੇ ਸ਼ਰੀਅਤ ਦੇ ਮਗ਼ਜ਼ ਦਾ ਸਾਰ ਸੀ ਜੱਦ ਕਿ ਹੋਰਨਾ ਤਫ਼ਸੀਰਾਂ (ਵਿਆਖਿਆਵਾਂ) ਵਿੱਚ ਕੇਵਲ ਛਿਲਕਿਆਂ ਉਪੱਰ ਸੰਤੋਖ ਕੀਤਾ ਗਿਆ ਸੀ । ਇਸ ਤਫ਼ਸੀਰ ਦੇ ਅਧਿਐਨ ਨੇ ਮੇਰੇ ਮਨ ਵਿੱਚ ਇਸਲਾਮ ਦੀ ਅਜਿਹੀ ਸੁੰਦਰ ਤਸਵੀਰ ਪੇਸ਼ ਕੀਤੀ ਜੋ ਆਤਮਾ ਤੱਕ ਉਤਰਦੀ ਚਲੀ ਗਈ ।

ਹਜ਼ੂਰ ਅਨਵਰ ਨੇ ਹਜ਼ਰਤ ਮੁਸਲਿਹ ਮਊਦ ਦੇ ਲੈਕਚਰਾਂ ਉਪੱਰ ਗ਼ੈਰਾਂ ਦੇ ਵਿਚਾਰਾਂ ਬਾਰੇ ਫ਼ਰਮਾਇਆ:

ਸਯੱਦਨਾ ਹਜ਼ਰਤ ਮੁਸਲਿਹ ਮਊਦ ਨੇ ਪੰਜਾਬ ਲਿਟ੍ਰੇਲੀ ਦੀ ਤਹਿਰੀਕ ਉਪੱਰ, ਜਿਸਦੇ ਜੋ ਲੀਡਰ ਸਨ, ਪੰਜਾਬ ਯੂਨੀਵਰਸਿਟੀ ਨਾਲ ਸੰਬੰਧ ਰੱਖਣ ਵਾਲੇ ਸਨ । ਲਾਹੌਰ ਵਿੱਚ ਦੋ ਲੈਕਚਰ ਦੇਣੇ ਪਰਵਾਨ ਕੀਤੇ । ਉਸ ਅਨੁਸਾਰ ਹਜ਼ੂਰ ਦਾ ਪਹਿਲਾਂ

ਲੈਕਚਰ, "ਅਰਬੀ ਜ਼ੁਬਾਨ ਕਾ ਮੁਕਾਮੁੱਸਿਨਾ ਆਲਮ ਮੇਂ" ਕਿ 'ਅਰਬੀ ਭਾਸ਼ਾ ਦਾ ਦੁਨੀਆਂ ਦੀਆਂ ਭਾਸ਼ਾਵਾਂ ਵਿੱਚ ਅਸਥਾਨ' ਕੀਤਾ ਸੀ, ਦੇ ਵਿਸ਼ੇ ਉਪੱਰ 1934 ਈ. ਨੂੰ ਵਾਈ. ਐਮ. ਸੀ. ਏ. ਦੇ ਹਾਲ ਵਿੱਚ ਜੋ ਮਾਲ ਰੋਡ ਲਾਹੌਰ ਵਿੱਚ ਸੀ, ਸ਼ੁਰੂ ਹੋਇਆ । ਅਤੇ ਇਸ ਦੀ ਪ੍ਰਧਾਨਗੀ ਜਨਾਬ ਡਾ.ਬਰਕਤ ਅਲੀ ਸਾਹਬ ਕੁਰੈਸ਼ੀ ਐਮ. ਏ. ਪੀ. ਐਚ.ਡੀ. ਪ੍ਰਿੰਸੀਪਲ ਇਸਲਾਮੀਆ ਕਾਲਜ ਨੇ ਕੀਤੀ । ਹਜ਼ੂਰ ਦਾ ਲੈਕਚਰ ਡੇਢ ਘੰਟੇ ਜਾਰੀ ਰਿਹਾ । ਜਿਸ ਨੂੰ ਸ੍ਰੋਤਿਆਂ ਨੇ ਬਹੁਤ ਲੀਨਤਾ ਨਾਲ ਸੁਣਿਆ । ਅੰਤ ਵਿੱਚ ਪ੍ਰਧਾਨ ਸਾਹਬ ਨੇ ਧੰਨਵਾਦ ਕਰਨ ਕਰਨ ਤੋਂ ਬਾਦ ਸ੍ਰੋਤਿਆਂ ਨੂੰ ਲੈਕਚਰ ਤੋਂ ਲਾਭ ਉਠਾਉਣ ਦੇ ਆਦੇਸ਼ ਦਿੱਤੇ । ਅਤੇ ਇੱਛਾ ਪ੍ਰਗਟ ਕੀਤੀ ਕਿ ਅਜਿਹੇ ਗਿਆਨ ਭਰਪੂਰ ਵਿਸ਼ੇ ਫਿਰ ਸੁਣਨ ਨੂੰ ਮਿਲਣ । ਸ੍ਰੋਤਿਆਂ ਵਿੱਚ ਬੁੱਧੀਜੀਵੀਆਂ ਦੇ ਹਰ ਖ਼ਿਆਲ ਦੇ ਲੋਕ ਸ਼ਾਮਲ ਸਨ ।

ਲਾਲਾ ਕਮਰਸੈਨ ਸਾਹਬ ਸਾਬਕਾ ਚੀਫ਼ ਜਸਟਿਸ ਕਸ਼ਮੀਰ ਜੋ ਜਨਾਬ ਲਾਲਾ ਭੀਮ ਸੈਨ ਸਾਹਬ ਦੇ ਸਪੁੱਤਰ ਸਨ, ਉਹ ਵੀ ਉੱਥੇ ਮੌਜੂਦ ਸਨ, ਉਹਨਾ ਨੇ ਹਜ਼ਰਤ ਖ਼ਲੀਫ਼ਤੁਲ ਮਸੀਹ ਸਾਨੀ ਦਾ ਭਾਸ਼ਨ ਅਤੇ ਪ੍ਰਧਾਨ ਸਾਹਬ ਦੇ ਭਾਸ਼ਣ ਮਗਰੋਂ ਆਪਣੇ ਧੰਨਵਾਦ ਦਾ ਪ੍ਰਗਟਾਵਾ ਕੀਤਾ, ਅੰਗ੍ਰੇਜ਼ੀ ਵਿੱਚ ਇਕ ਭਾਸ਼ਣ ਦਿੱਤਾ । ਕਹਿੰਦੇ ਹਨ ਕਿ ਅੱਜ ਯੋਗ ਲੈਕਚਰਰ ਨੇ ਅਰਬੀ ਭਾਸ਼ਾ ਦੀ ਵੱਡਿਆਈ ਉਪੱਰ ਜੋ ਦਿਲਖਿਚੱਵੀ ਤੇ ਗਿਆਨ ਭਰਪੂਰ ਭਾਸ਼ਣ ਦਿੱਤਾ ਹੈ ਉਸਨੂੰ ਸੁਣ ਕੇ ਮੈਂਨੂੰ ਬਹੁਤ ਖ਼ੁਸ਼ੀ ਹੋਈ । ਕਹਿੰਦੇ ਹਨ ਜੱਦ ਮੈਂ ਲੈਕਚਰ ਸੁਨਣ ਲਈ ਆਇਆ, ਉਸ ਸਮੇਂ ਮੈਂ ਵਿਚਾਰ ਕੀਤਾ ਸੀ ਕਿ ਵਿਸ਼ਾ ਇਸ ਢੰਗ ਨਾਲ ਵਰਨਣ ਕੀਤਾ ਜਾਵੇਗਾ ਜਿਵੇਂ ਪੁਰਾਣੇ ਢੰਗ ਨਾਲ ਵਰਨਣ ਕੀਤੇ ਜਾਂਦੇ ਹਨ । ਉਹ ਕਿਵੇਂ ਵਰਨਣ ਕਰਦੇ ਹਨ, ਕਹਿੰਦੇ ਹਨ ਕਿ ਮਸ਼ਹੂਰ ਹੈ ਕਿ ਕਿਸੇ ਅਰਬ ਤੋਂ ਇਕ ਵਾਰ ਅਰਬੀ ਭਾਸ਼ਾ ਦੀ ਵੱਡਿਆਈ ਦਾ ਸਬਬ ਪੁੱਛਿਆ ਗਿਆ, ਤਾਂ ਉਸਨੇ ਕਿਹਾ ਕਿ ਉਸਨੂੰ ਤਿੰਨਾ ਕਰਣਾ ਕਰਕੇ ਵੱਡਿਆਈ ਪ੍ਰਾਪਤ ਹੈ, ਅਰਥਾ ਅਰਬੀ ਭਾਸ਼ਾ ਨੂੰ, ਪਹਿਲਾ ਕਾਰਣ ਇਹ, ਇਸ ਲਈ ਕਿ ਮੈਂ ਅਰਬ ਦਾ ਰਹਿਣ ਵਾਲਾ ਹਾਂ, ਦੂਜਾ ਇਸ ਲਈ ਕਿ ਕੁਰਆਨ ਕਰੀਮ ਦੀ ਭਾਸ਼ਾ ਹੈ, ਤੀਜਾ ਇਸ ਲਈ ਕਿ ਜਨੱਤ ਵਿੱਚ ਅਰਬੀ ਬੋਲੀ ਜਾਵੇਗੀ । ਕਹਿੰਦੇ ਹਨ ਕਿ ਮੈਂ ਸਮਝਦਾ ਸੀ ਕਿ ਸੰਭਵਤਾ ਇਸ ਪ੍ਰਕਾਰ ਦੀਆਂ ਗੱਲਾਂ ਅਰਬੀ ਭਾਸ਼ਾ ਬਾਰੇ ਪੇਸ਼ ਕੀਤੀਆਂ ਜਾਣਗੀਆਂ । ਪਰ ਜੋ ਲੈਕਚਰ ਦਿੱਤਾ ਗਿਆ, ਉਹ ਅਤਿਅੰਤ ਗਿਆਨ ਵਾਲਾ, ਦਾਰਸ਼ਨਿਕ ਅਤੇ ਅਧਿਆਤਮਕ ਵੱਡਿਆਈ ਆਪਣੇ ਅੰਦਰ ਰੱਖਦਾ ਹੈ । ਮੈ ਜਨਾਬ ਮਿਰਜ਼ਾ ਸਾਹਬ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਮੈਂ ਉਹਨਾਂ ਦੇ ਲੈਕਚਰ ਦੇ ਇਕ ਇਕ ਅੱਖਰ ਨੂੰ ਪੂਰੇ ਧਿਆਨ ਤੇ ਗ਼ੌਰ ਨਾਲ ਸੁਣਿਆ ਹੈ ਅਤੇ ਮੈਂ ਉਸ ਤੋਂ ਬਹੁਤ ਹੀ ਆਨੰਦ ਤੇ ਲਾਭ ਉਠਾਇਆ ਹੈ । ਮੈਂਨੂੰ ਆਸ ਹੈ ਕਿ ਇਸ ਲੈਕਚਰ ਦਾ ਪ੍ਰਭਾਵ ਮੁਦੱਤਾਂ ਤੀਕ ਮੇਰੇ ਮਨ ਉਪੱਰ ਬਣਿਆ ਰਹੇਗਾ ।

ਫਿਰ ਸਯੱਦ ਅਬਦੁਲ ਕਾਦਿਰ ਸਾਹਬ ਐਮ. ਏ. ਵਾਈਸ ਪ੍ਰਿੰਸੀਪਲ ਇਸਲਾਮੀਆ ਕਾਲਜ ਲਾਹੌਰ ਦੇ ਪ੍ਰਭਾਵੀ ਵਿਚਾਰ ਇਹ ਹਨ ਕਿ ਪ੍ਰਧਾਨ ਇਤਿਹਾਸ ਵਿਭਾਗ ਸਨ । ਇਲਾਮੀਆ ਕਾਲਜ ਵਿੱਚ ਇਸਲਾਮ ਅਤੇ ਸਮਾਜਵਾਦ, ਇਸਲਾਮ ਅਤੇ ਸਾਮਿਆਵਾਦ ਦੇ ਸਿਰਲੇਖ ਹੇਠ ਅਖ਼ਬਾਰ, "ਸਨਰਾਈਜ਼ ਲਾਹੌਰ" ਵਿੱਚ ਇਕ ਨੋਟ ਦਿੱਤਾ ਜਿਸਦਾ ਇਕ ਭਾਗ ਹੇਠਾਂ ਲਿੱਖਿਆ ਜਾਂਦਾ ਹੈ । ਕਹਿੰਦੇ ਹਨ ਕਿ "ਇਸਲਾਮ ਦਾ ਆਰਥਕ ਪ੍ਰਬੰਧ" ਅਤੇ ਸਾਮਿਆਵਾਦ ਦੇ ਸਿਰਲੇਖ ਉਪੱਰ ਮਿਰਜ਼ਾ ਬਸ਼ੀਰੁੱਦੀਨ ਮਹਮੂਦ ਸਾਹਬ ਇਮਾਮ ਜਮਾਤ ਅਹਮਦੀਆ ਦਾ ਲੈਕਚਰ ਸੁਨਣ ਦਾ ਮਾਣ ਮੈਂਨੂੰ ਵੀ ਪ੍ਰਾਪਤ ਹੋਇਆ । ਇਹ ਲੈਕਚਰ ਵੀ ਆਪ ਜੀ ਦੇ ਦੂਜੇ ਲੈਕਚਰਾਂ ਵਾਂਗ ਜੋ ਮੈਂਨੂੰ ਸੁਨਣ ਦਾ ਸੁਭਾਗ ਮਿਲਿਆ ਹੈ, ਵਿਗਿਆਨਕ ਚਰਚਾ ਵਿੱਚ ਇਕ ਨਵੀਂ ਆਭਾ ਪੈਦਾ ਕਰ ਦੇਣ ਵਾਲਾ ਅਤੇ ਗਿਆਨ ਨਾਲ ਭਰਪੂਰ ਸੀ । ਮਿਰਜ਼ਾ ਸਾਹਬ ਖ਼ੁਦਾਦਾਦ (ਰੱਬ ਦੀਆਂ ਬਖ਼ਸ਼ੀਆਂ ਹੋਈਆਂ) ਯੋਗਤਾ ਦੇ ਮਾਲਕ ਹਨ

ਅਤੇ ਇਸ ਵਿਸੇ ਦੇ ਹਰ ਪੱਖ ਉਪੱਰ ਆਪਨੂੰ ਪੂਰੀ ਪੂਰੀ ਮਹਾਰਤ ਹੈ । ਇਸ ਕਰਕੇ ਆਪ ਦੇ ਵਿਚਾਰ ਇਸ ਗੱਲ ਦੇ ਯੋਗ ਹਨ ਕਿ ਅਸੀਂ ਇਸ ਨੂੰ ਕਦਰ ਦੀ ਨਿਗਾਹ ਨਾਲ ਦੇਖਦਿਆਂ ਹੋਇਆਂ ਇਹਨਾਂ'ਤੇ ਗ਼ੌਰ ਕਰੀਏ ।

ਹਜ਼ੂਰ ਅਨਵਰ ਨੇ ਫ਼ਰਮਾਇਆ ਇਹ ਕੇਵਲ ਇਕ ਪੱਖ ਦੀ ਝਲਕ ਹੈ ਜੋ ਉਲੂਮੇ ਜ਼ਾਹਿਰੀ ਵ ਬਾਤਨੀ ਸੇ ਪੁਰ ਹੋਣ ਬਾਰੇ ਦੀ ਭਵਿੱਖਬਾਣੀ ਵਿੱਚ ਦਰਜ ਹੈ । ਹਜ਼ਰਤ ਮੁਸਲਿਹ ਮਊਦ ਰਜ਼ੀ ਅਲੱਾਹ ਅਨਹੁ ਨੇ ਜੋ ਗਿਆਨ ਤੇ ਅਧਿਆਤਮਕਤਾ ਦਾ ਖ਼ਜ਼ਨਾ ਸਾਨੂੰ ਦਿੱਤਾ ਹੈ, ਅਲੱਾਹ ਤਆਲਾ ਸਾਨੂੰ ਉਸਨੂੰ ਪੜ੍ਹਨ ਦਾ ਬਲ ਪ੍ਰਦਾਨ ਕਰੇ ਅਤੇ ਜਿਵੇਂ ਕਿ ਆਪ ਦੇ ਵਿਸ਼ਿਆਂ ਦੇ ਸਿਰਲੇਖਾਂ ਦੀ ਆਮ ਸੂਚੀ ਵਿੱਚ ਮੈਂ ਦੱਸਿਆ ਹੈ ਵਿਭਿੰਨ ਪ੍ਰਕਾਰ ਦੇ ਲੇਖ ਹਨ, ਅਲੱਾਹ ਤਆਲਾ ਸਾਨੂੰ ਉਹਨਾਂ ਤੋਂ ਲਾਭ ਉਠਾਉਂਣ ਦੀ ਵੀ ਸ਼ਕਤੀ ਪ੍ਰਦਾਨ ਕਰੇ ਅਤੇ ਅਸੀਂ ਗਿਅਨ ਤੇ ਅਧਿਆਤਮਕਤਾ ਵਧਾਉਂਣ ਵਾਲੇ ਹੋਈਏ । ਖ਼ੁਤਬਾ ਜੁਮੱਾ ਦੇ ਅੰਤ ਵਿੱਚ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਸ਼੍ਰੀ ਮਾਨ ਸਾਹਿਬਜ਼ਾਦਾ ਮਿਰਜ਼ਾ ਹਨੀਫ਼ ਅਹਮਦ ਸਾਹਬ ਦੀ ਵਫ਼ਾਤ ਦੀ ਸੂਚਨਾ ਦਿੰਦਿਆ ਹੋਇਆਂ ਉਹਨਾਂ ਬਾਰੇ ਸੰਖੇਪ ਜਾਣਕਾਰੀ ਦਿੱਤੀ ਅਤੇ ਜੁੱਮੇ ਦੀ ਨਮਾਜ਼ ਦੇ ਬਾਦ ਉਹਨਾਂ ਦੀ ਨਮਾਜ਼ ਜਨਾਜ਼ਹ ਵੀ ਪੜ੍ਹਾਈ ।